# ਪੈਂਤੀ+1

---

ੳ - ਉਸਤੱਦ ਉਹਦੀ ਕਰੀਏ ।।
ਅ - ਆਦਰ ਸੱਭ ਦਾ ਕਰੀਏ ।।
ੲ - ਈਸਵਰ ਦੀ ਭੱਗਤੀ ਕਰੀਏ ।।
ਸ - ਸਾਧੂ ਸੰਤਾ ਦੀ ਸੇਵਾ ਕਰੀਏ ।।
ਹ - ਹਰਿ-ਹਰਿ ਜੱਪਦੇ ਰਹੀਏ ।।

*****

ਕ - ਕੰਮ ਕਰਦੇ ਢਿਲ ਨਾ ਕਰੀਏ ।।
ਖ - ਖਾ-ਪੀ ਕੇ ਹਰਾਮ ਨਾ ਕਰੀਏ ।।
ਗ - ਗਊ-ਬਰਾਮਣ ਨੂੰ ਦਾਨ ਕਰੀਏ ।।
ਘ - ਘਿਉ ਘਰ ਹੋਵੇ ਤਾ ਤੇਲ ਨਾ ਪੀਏ ।।
ਙ - ਖਾਲੀ ।।

*****

ਚ - ਚਤੁਰਨਾਥ ਨੂੰ ਭੇਦ ਨਾ ਦਈਏ ।।
ਛ - ਛਾਲ ਮਾਰ ਬੇੜੀ ਨਾ ਚੱੜੀਏ ।।
ਜ - ਜੂਲਾ ਵਣਜ ਛੇਤੀ ਨਾ ਕਰੀਏ ।।
ਝ - ਝੂਠੀ-ਮੂਠੀ ਗਵਾਹੀ ਨਾ ਦੇਈਏ ।।
ਞ - ਖਾਲੀ ।।

*****

ਟ - ਟੱਟੂ ਮਾੜੇ ਧਾੜ ਨਾ ਚੱੜੀਏ ।।
ਠ - ਠਾਕਰ ਆਪਣੇ ਨੂੰ ਨਿਮਸਕਾਰ ਕਰੀਏ ।।
ਡ - ਡੈਣ ਭਰੋਸ ਵਾਸਾ ਨਾ ਰੱਖੀਏ ।।
ਢ - ਢੂੰਡ ਦਿਆ ਨੂੰ ਰਾਹ ਬਤਾਈਏ ।।
ਣ - ਖਾਲੀ ।।

*****

ਤ - ਤੱਖਤ ਬੈਠ ਇਨਸਾਫ ਕਰੀਏ ।।
ਥ - ਥਾ ਬੈਠ ਦਿਆ ਕਥਾ ਨਾ ਬੈਠੀਏ ।।
ਦ - ਦਾਨ ਦਿੰਦਿਆ ਗਰਬ ਨਾ ਕਰੀਏ ।।
ਧ - ਧੰਨ ਹੋਵੇ ਤਾ ਹੰਕਾਰ ਨਾ ਕਰੀਏ ।।
ਨ - ਨਿੰਮਸਕਾਰ ਗੁਰੂ ਆਪਣੇ ਨੂੰ ਕਰੀਏ ।।

*****

ਪ - ਪੌੜੀ ਚੱੜਨ ਲੱਗਿਆ ਛੇਤੀ ਨਾ ਕਰੀਏ ।।
ਫ - ਫੁੱਲ ਟੰਗ ਦਰਵਾਰ ਨਾ ਜਾਈਏ ।।
ਬ - ਬਹੁਤੀਆ ਫੱੜਾ ਨਾ ਮਾਰੀਏ ।।
ਭ - ਭੈਣ-ਭਰਾ ਨੂੰ ਪਿਆਰ ਕਰੀਏ ।।
ਮ - ਮਾਤਾ-ਪਿਤਾ ਦਾ ਆਦਰ ਕਰੀਏ ।।

*****

ਯ - ਯਾਰ ਮਿੱਤਰ ਨਾਲ ਧੋਖਾ ਨਾ ਕਰੀਏ ।।
ਰ - ਰੱਣ ਵਿੱਚ ਜਾ ਦਗਾ ਨਾ ਕਮਾਈਏ ।।
ਲ - ਲੱਡੂ ਵਿਆਹ ਵਾਲੇ ਜਰੂਰ ਖਾਈਏ ।।
ਵ - ਵਾਹਿਗੁਰੂ- ਵਾਹਿਗੁਰੂ ਜੱਪਦੇ ਰਹੀਏ ।।
ੜ- ੜੁਰਦੇ-ਖੁਰਦੇ ਜਾ ਗੰਗਾ ਦੇ ਦਰਸ਼ਨ ਪਾਈਏ ।।

*****

ਸ਼ - ਸ਼ੂ-ਮੰਤਰ;
.ਖ - .ਖੂ-ਮੰਤਰ;
ਗ਼ - ਗ਼ੂ- ਮੰਤਰ
ਜ਼ - ਜ਼ੂ - ਮੰਤਰ;
.ਫ - .ਫੂ- ਮੰਤਰ;
ਲ਼ - ਲ਼ੂ - ਮੰਤਰ

*****

---

Archived at: www.geocities.com/new_punjabi_songs
Written by: Dr. Sarjinder Singh, Assistant Professor, St. Cloud State University, St. Cloud, MN, USA
Note: All opinions are of author’s own.